# ਦਰਖਤ

ਗਰਮੀ ਦਾ ਮੌਸਮ ਸੀ | ਇਕ ਮੈਦਾਨ ਵਿਚ ਬਹੁਤ ਵੱਡਾ ਦਰਖਤ ਸੀ | ਉਹ ਬਹੁਤ ਹਰਾ-ਭਰਾ ਸੀ |ਉਸ ਨੂੰ ਫ਼ਲ ਵੀ ਲਗੇ ਹੋਏ ਸਨ | ਇਕ ਦਿਨ ਉਸ ਮੈਦਾਨ ਵਿੱਚੋ ਇਕ ਬੱਚਾ ਲੰਘ ਰਿਹਾ ਸੀ |ਉਹ ਬੱਚਾ ਭੁੱਖਾ ਸੀ ਅਤੇ ਉਸਨੂੰ ਗਰਮੀ ਵੀ ਬਹੁਤ ਲੱਗ ਰਹੀ ਸੀ | ਉਸਦੀ ਨਜ਼ਰ ਫਲਾਂ 'ਤੇ ਪਈ।|ਉਸ ਨੇਂ ਫਲ ਤੋੜੇ 'ਤੇ ਪੇਟ ਭਰ ਕੇ ਖਾਦੇ | ਫਿਰ ਉਹ ਦਰਖਤ ਦੀ ਠੰਡੀ ਛਾਂ ਹੇਠ ਸੌ ਗਿਆ | ਕੁਝ ਦਿਨ ਬਾਦ ਫਿਰ ਉਹ ਓਥੋਂ ਦੀ ਲੰਘ ਰਿਹਾ ਸੀ | ਉਸ ਨੇਂ ਦੇਖਿਆ ਕਿ ਦਰਖਤ 'ਤੇ ਇਕ ਵੀ ਫ਼ਲਨਹੀਂ ਹੈ | ਉਸ ਨੇਂ ਦਰਖਤ ਨੂੰ ਪੁਛਿਆ ਕਿ ਸਾਰੇ ਫ਼ਲ ਕਿੱਥੇ ਗਏ ? ਦਰਖਤ ਰੋਣ ਲੱਗ ਪਿਆ 'ਤੇ ਬੋਲਿਆ ਕਿ ਜੋ ਵੀ ਆਉਂਦਾ ਹੈ ਫਲ ਤੋੜ ਕੇ ਲੈ ਜਾਂਦਾ ਹੈ, ਕੋਈ ਪਾਣੀ ਵੀ ਨਹੀਂ ਦਿੰਦਾ। ਬੱਚਾ ਬਹੁਤ ਸ਼ਰਮਿੰਦਾ ਹੋਇਆਂ| ਉਸਨੇਂ ਰੁੱਖ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਥੋੜੇ ਹੀ ਦਿਨਾਂ ਵਿੱਚ ਦਰਖਤ ਫਿਰ ਫਲਾਂ ਨਾਲ ਭਰ ਗਿਆ। ਹੁਣ ਬੱਚਾ 'ਤੇ ਰੁੱਖ ਦੋਨੋਂ ਹੀ ਖੁਸ਼ ਸਨ।"